# SANTA CLARA ਕਾਉਂਟੀ

## ਚੋਣ ਪ੍ਰਸ਼ਾਸਨ ਯੋਜਨਾ

## ਅੰਤਕਾ

# ਵਿਸ਼ਾ-ਸਾਰਨੀ

**ਭੂਮਿਕਾ** .......... 3

**ਵੋਟ ਕੇਂਦਰ ਟਿਕਾਣੇ** .......... 3

**ਅੱਪਡੇਟ ਕੀਤੀ ਭਾਸ਼ਾ ਸੰਬੰਧੀ ਸਹਾਇਤਾ** .......... 4

**ਪਹੁੰਚ ਸੰਬੰਧੀ ਕਾਰਜ ਵਿਧੀ** .......... 5

# ਭੂਮਿਕਾ

3 ਨਵੰਬਰ, 2020 ਦੀਆਂ ਆਗਾਮੀ ਰਾਸ਼ਟਰਪਤੀ ਪੱਦ ਦੀਆਂ ਆਮ ਚੋਣਾਂ ਦੇ ਮੱਦੇਨਜ਼ਰ, ਵੋਟਰਾਂ ਦੇ ਰਜਿਸਟਰਾਰ (ROV) ਨੇ ਮੌਜੂਦਾ ਚੋਣ ਪ੍ਰਸ਼ਾਸਨ ਯੋਜਨਾ ਵਿੱਚ ਇੱਕ ਅੰਤਕਾ ਸ਼ਾਮਲ ਕੀਤੀ ਹੈ ਜਿਸਦਾ ਉਦੇਸ਼ ਖਾਸ ਕਰਕੇ ਵੋਟ ਕੇਂਦਰ ਦੀਆਂ ਨਵੀਨਤਮ ਲੋੜਾਂ, ਕਾਉਂਟੀ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਭਾਸ਼ਾ ਸੰਬੰਧੀ ਸੇਵਾਵਾਂ ਵਿੱਚ ਸ਼ਾਮਲ ਕੀਤੀਆਂ ਹੋਰ ਭਾਸ਼ਾਵਾਂ, ਅਤੇ ਅਪਡੇਟ ਕੀਤੀ ਪਹੁੰਚ ਸੰਬੰਧੀ ਕਾਰਜ-ਵਿਧੀ ਵਰਗੀਆਂ ਚੀਜ਼ਾਂ ਨੂੰ ਸੰਬੋਧਨ ਕਰਨਾ ਹੈ।

# ਵੋਟ ਕੇਂਦਰ ਟਿਕਾਣੇ

3 ਜੂਨ, 2020 ਨੂੰ, ਗਵਰਨਰ Newsom ਨੇ ਕਾਰਜਕਾਰੀ ਆਰਡਰ N-67-20 ਜਾਰੀ ਕੀਤਾ। ਇਸ ਆਰਡਰ ਵਿੱਚ, ਉਹਨਾਂ ਨੇ ਕਾਉਂਟੀਆਂ ਲਈ ਚੋਣਾਂ ਵਾਲੇ ਦਿਨ ਤੋਂ ਦਸ (10) ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ ਗਿਆਰਾਂ (11) ਦਿਨਾਂ ਲਈ ਵੋਟ ਕੇਂਦਰਾਂ ਨੂੰ ਖੋਲ੍ਹਣ ਦੀ ਲੋੜ ਨੂੰ ਹਟਾ ਦਿੱਤਾ ਹੈ। ਇਸ ਅੰਤਕਾ ਦੇ ਲਿਖਣ ਵੇਲੇ ਤੱਕ, ROV 4-ਦਿਨਾਂ ਦੀ ਜਲਦੀ ਵੋਟ ਪਾਉਣ ਦੀ ਮਿਆਦ ਲਈ ਸੌ (100) 4-ਦਿਨਾਂ ਵਾਲੇ ਵੋਟ ਕੇਂਦਰ ਪ੍ਰਦਾਨ ਕਰੇਗਾ, ਜਿਸ ਲਈ ਵੋਟ ਕੇਂਦਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਤਿੰਨ (3) ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ ਚਾਰ (4) ਦਿਨਾਂ ਲਈ ਖੋਲ੍ਹਣ ਦੀ ਲੋੜ ਹੁੰਦੀ ਹੈ। 4-ਦਿਨਾਂ ਦੇ ਵੋਟ ਕੇਂਦਰਾਂ ਦੀ ਗਿਣਤੀ ਲਈ ਲੋੜ ਕਾਉਂਟੀ ਦੇ ਹਰ 10,000 ਰਜਿਸਟਰਡ ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਦੀ ਹੈ। 3 ਨਵੰਬਰ, 2020 ਦੀਆਂ ਰਾਸ਼ਟਰਪਤੀ ਪੱਦ ਦੀਆਂ ਆਮ ਚੋਣਾਂ ਲਈ ਪ੍ਰਸਤਾਵਿਤ ਰਜਿਸਟਰਡ ਵੋਟਰਾਂ ਦੀ ਗਿਣਤੀ ਦੇ ਆਧਾਰ ‘ਤੇ, ROV ਕੋਲ ਘੱਟੋ-ਘੱਟ ਸੌ (100) ਵੋਟ ਕੇਂਦਰ ਖੁੱਲ੍ਹੇ ਹੋਣੇ ਚਾਹੀਦੇ ਹਨ।

ਵੋਟ ਕੇਂਦਰਾਂ ਦੀ ਅਪਡੇਟ ਕੀਤੀ ਹੋਈ ਵੰਡ ਹੇਠਾਂ ਦਿੱਤੇ ਅਨੁਸਾਰ ਹੈ:

| **ਵੋਟ ਕੇਂਦਰਾਂ ਦੀ ਅਨੁਮਾਨਿਤ ਗਿਣਤੀ** | | | |
|---|---|---|---|
| **ਸਰਹੱਦ ਦੀ ਸ਼੍ਰੇਣੀ** | **ਘੱਟੋ-ਘੱਟ ਲੋੜ** | **ਸੁਝਾਈ ਗਈ ਗਿਣਤੀ** | **ਅੰਤਿਮ ਗਿਣਤੀ** |
| 4-ਦਿਨਾਂ ਦੇ ਵੋਟ ਕੇਂਦਰ<br>(ਹਰ 10,000 ਰਜਿਸਟਰਡ ਵੋਟਰਾਂ ਪਿੱਛੇ 1) | 100 | 100 | ਅਜੇ ਫ਼ੈਸਲਾ ਕਰਨਾ ਹੈ |

ਇਹ ਗਣਨਾ ਹਰ 10,000 ਰਜਿਸਟਰਡ ਕਾਉਂਟੀ ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਹੋਣ ‘ਤੇ ਅਧਾਰਿਤ ਹੈ। 3 ਨਵੰਬਰ, 2020 ਦੀਆਂ ਰਾਸ਼ਟਰਪਤੀ ਪੱਦ ਦੀਆਂ ਆਮ ਚੋਣਾਂ ਲਈ ਪ੍ਰਸਤਾਵਿਤ ਰਜਿਸਟਰਡ ਵੋਟਰਾਂ ਦੀ ਗਿਣਤੀ ਦੇ ਆਧਾਰ ‘ਤੇ, ROV ਕੋਲ ਘੱਟੋ-ਘੱਟ 100 ਵੋਟ ਕੇਂਦਰ ਖੁੱਲ੍ਹੇ ਹੋਣੇ ਚਾਹੀਦੇ ਹਨ।

# ਅੱਪਡੇਟ ਕੀਤੀ ਭਾਸ਼ਾ ਸੰਬੰਧੀ ਸਹਾਇਤਾ

ਮਈ 2020 ਵਿੱਚ, ਰਾਜ ਦੇ ਸਕੱਤਰ ਦੇ ਦਫ਼ਤਰ ਵੱਲੋਂ ਚੋਣ ਕੋਡ (EC) 4201, ਅਲਪਸੰਖਿਅਕ ਭਾਸ਼ਾਵਾਂ ਸੰਬੰਧੀ ਨਿਰਧਾਰਨਾਂ ਦੇ ਅਧੀਨ, ਰਾਜ ਵੱਲੋਂ ਲਾਜ਼ਮੀ ਨਵੀਆਂ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਹਨਾਂ ਵਿੱਚੋਂ ਪੰਜ ਭਾਸ਼ਾਵਾਂ Santa Clara ਕਾਉਂਟੀ ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ: ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ।

ROV ਵੱਲੋਂ ਰਾਜ ਵੱਲੋਂ ਲਾਜ਼ਮੀ ਨਵੀਆਂ ਭਾਸ਼ਾਵਾਂ ਸੰਬੰਧੀ ਹੇਠਾਂ ਲਿਖੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ:

| ਰਾਜ ਵੱਲੋਂ ਲਾਜ਼ਮੀ ਨਵੀਆਂ ਭਾਸ਼ਾਵਾਂ | ਅਨੁਵਾਦ ਕੀਤੀਆਂ ਗਈਆਂ ਸਮੱਗਰੀਆਂ ਅਤੇ ਸੇਵਾਵਾਂ | ਪ੍ਰਤਿਲਿਪੀ ਬੈਲਟ |
|---|---|---|
| ▪ **ਗੁਜਰਾਤੀ,**<br>▪ **ਨੇਪਾਲੀ,**<br>▪ **ਪੰਜਾਬੀ,**<br>▪ **ਤਮਿਲ**<br>▪ **ਤੇਲਗੂ** | • EC 14201 ਦੇ ਮੁਤਾਬਕ ਸਾਰੇ ਵੋਟ ਕੇਂਦਰਾਂ ਸੇਧਿਤ ਖੇਤਰਾਂ ਲਈ ਤਿਆਰ ਕੀਤੇ ਗਏ ਪ੍ਰਤਿਲਿਪੀ ਬੈਲਟ<br>• CVIGs ਵਿੱਚ ਪ੍ਰਿੰਟ ਕੀਤੀ, ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਪ੍ਰਤਿਲਿਪੀ ਬੈਲਟ ਲਈ ਅਰਜ਼ੀ<br>• EC 14201 ਦੇ ਮੁਤਾਬਕ ਕਾਉਂਟੀ ਦੀ ਵੈੱਬਸਾਈਟ 'ਤੇ ਉਪਲਬਧ ਪ੍ਰਤਿਲਿਪੀ ਬੈਲਟ ਲਈ ਅਰਜ਼ੀ<br>• ਵੋਟ ਕੇਂਦਰ ਦੇ ਸੰਕੇਤ ਅਤੇ ਹਿਦਾਇਤਾਂ<br>• VBM ਅਰਜ਼ੀ<br>• ਵੋਟਰ ਕਾਰਵਾਈ ਬੇਨਤੀ ਫ਼ਾਰਮ (VARF)<br>• ROV ਅਤੇ ਵੋਟ ਕੇਂਦਰਾਂ 'ਤੇ ਦੁਭਾਸ਼ੀਆ ਸਟਾਫ਼ | ਪੂਰੇ ਪ੍ਰਤਿਲਿਪੀ ਬੈਲਟ ਦਾ ਅਨੁਵਾਦ:<br>• ਸਿਰਲੇਖ<br>• ਹਿਦਾਇਤਾਂ<br>• ਅਧਿਕਾਰ ਖੇਤਰਾਂ ਦੇ ਨਾਮ<br>• ਅੱਖਰ ਅਧਾਰਿਤ ਭਾਸ਼ਾ ਲਿਪੀ ਅੰਤਰਨ<br>• ਬੈਲਟ ਅਹੁਦੇ<br>• ਵਿਧੇਅਕ ਲੇਬਲ |

ਪ੍ਰਤਿਲਿਪੀ ਬੈਲਟ ਨਮੂਨਾ ਬੈਲਟ ਹੁੰਦੇ ਹਨ ਜਿਨ੍ਹਾਂ ਨੂੰ ਵੋਟਰ ਵੋਟ ਪਾਉਣ ਲੱਗਿਆਂ ਹਵਾਲੇ ਦੇ ਤੌਰ 'ਤੇ ਵਰਤ ਸਕਦੇ ਹਨ। Santa Clara ਕਾਉਂਟੀ, ਵੋਟਰਾਂ ਦੇ ਰਜਿਸਟਰਾਰ ਵੱਲੋਂ ਸੇਧਿਤ ਵੋਟ ਕੇਂਦਰਾਂ ਲਈ ਸ਼ਾਮਲ ਕੀਤੀਆਂ ਗਈਆਂ ਪੰਜ ਭਾਸ਼ਾਵਾਂ ਵਿੱਚ ਪ੍ਰਤਿਲਿਪੀ ਬੈਲਟ ਤਿਆਰ ਕੀਤੇ ਜਾਣਗੇ। ਪ੍ਰਤਿਲਿਪੀ ਬੈਲਟ ਦੀਆਂ ਕਾਪੀਆਂ ਨਿਰਧਾਰਤ ਵੋਟ ਕੇਂਦਰਾਂ ਵਿੱਚ ਵੋਟਰਾਂ ਲਈ ਉਪਲਬਧ ਹੋਣਗੀਆਂ ਤਾਂ ਕਿ ਉਹ ਨਿੱਜੀ ਬੈਲਟ ਪਾਉਣ ਵੇਲੇ ਇਨ੍ਹਾਂ ਦੀ ਵਰਤੋਂ ਕਰ ਸਕਣ। ਪ੍ਰਤਿਲਿਪੀ ਬੈਲਟ ਦਿਖਣ ਵਿੱਚ ਸਧਾਰਨ ਬੈਲਟ ਨਾਲੋਂ ਅਲੱਗ ਹੋਣਗੇ ਤਾਂ ਕਿ ਵੋਟਰ ਵੋਟ ਪਾਉਣ ਵੇਲੇ ਕਿਤੇ ਗਲਤੀ ਨਾਲ ਪ੍ਰਤਿਲਿਪੀ ਕਾਪੀ 'ਤੇ ਵੋਟ ਨਾ ਪਾ ਦੇਣ। ਵੋਟ ਕੇਂਦਰ ਦੇ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ ਤਾਂ ਕਿ ਉਹ ਵੋਟਰਾਂ ਨੂੰ ਬੈਲਟ ਦੀ ਪ੍ਰਤਿਲਿਪੀ ਕਾਪੀ ਮੌਜੂਦ ਹੋਣ ਦੀ ਸੂਚਨਾ ਪ੍ਰਦਾਨ ਕਰ ਸਕਣ ਅਤੇ ਵੋਟਰ ਵੱਲੋਂ ਬੇਨਤੀ ਕਰਨ 'ਤੇ ਉਸਨੂੰ ਇੱਕ ਪ੍ਰਤਿਲਿਪੀ ਬੈਲਟ ਪ੍ਰਦਾਨ ਕਿਵੇਂ ਕਰਨਾ ਹੈ, ਇਸ ਬਾਰੇ ਜਾਣ ਸਕਣ। ਕਾਉਂਟੀ ਵੱਲੋਂ ਜਿਨ੍ਹਾਂ 14 ਭਾਸ਼ਾਵਾਂ ਵਿੱਚ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ (ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ, ਹਿੰਦੀ, ਜਪਾਨੀ, ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ) ਉਹਨਾਂ ਸਾਰੀਆਂ ਭਾਸ਼ਾਵਾਂ ਵਿੱਚ ਸਾਰੇ ਵੋਟ ਕੇਂਦਰਾਂ ਵਿੱਚ ਸੇਧਿਤ ਖੇਤਰਾਂ ਲਈ ਈ-ਪੋਲਬੁੱਕ ਦੇ ਨੇੜੇ ਸੰਕੇਤ ਲਗਾਏ ਜਾਣਗੇ, ਤਾਂ ਕਿ ਵੋਟਰਾਂ ਨੂੰ ਪ੍ਰਤਿਲਿਪੀ ਕਾਪੀਆਂ ਦੇ ਮੌਜੂਦ ਹੋਣ ਬਾਰੇ ਸੂਚਿਤ ਕੀਤਾ ਜਾ ਸਕੇ।

ਸਾਰੀਆਂ ਕਾਉਂਟੀ ਵੋਟਰ ਜਾਣਕਾਰੀ ਗਾਈਡਾਂ ਵਿੱਚ ਸਾਰੀਆਂ 14 ਭਾਸ਼ਾਵਾਂ ਵਿੱਚ ਇੱਕ ਪ੍ਰਤਿਲਿਪੀ ਬੈਲਟ ਅਰਜ਼ੀ ਅਤੇ ਇੱਕ ਨੋਟਿਸ ਮੌਜੂਦ ਹੋਵੇਗਾ ਜੋ ਵੋਟਰਾਂ ਨੂੰ ਸੂਚਿਤ ਕਰੇਗਾ ਕਿ ਚੋਣ ਕੋਡ 14201 ਦੇ ਅਨੁਸਾਰ ਵੋਟ ਕੇਂਦਰਾਂ 'ਤੇ ਪ੍ਰਤਿਲਿਪੀ ਬੈਲਟ ਉਪਲਬਧ ਹੋਣਗੇ ਅਤੇ ਬੇਨਤੀ ਕਰਨ 'ਤੇ ਪ੍ਰਦਾਨ ਕੀਤੇ ਜਾਣਗੇ। ਚੋਣਾਂ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਕਾਉਂਟੀ ਦੀ ਵੈੱਬਸਾਈਟ 'ਤੇ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ ਜਿਸ ਵਿੱਚ ਇਹ ਦੱਸਿਆ ਹੋਵੇਗਾ ਕਿ ਕਿਹੜੇ ਵੋਟ ਕੇਂਦਰਾਂ 'ਤੇ ਵੋਟਰਾਂ ਲਈ ਪ੍ਰਤਿਲਿਪੀ ਬੈਲਟ ਉਪਲਬਧ ਹਨ।

# ਪਹੁੰਚ ਸੰਬੰਧੀ ਕਾਰਜ ਵਿਧੀ

ਰਾਜ ਅਤੇ ਕਾਉਂਟੀ ਵੱਲੋਂ ਸਿਫਾਰਸ਼ ਕੀਤੇ ਸਿਹਤ ਅਤੇ ਸੁਰੱਖਿਆ ਸਲਾਹਨਾਮੇ ਅਧੀਨ, 3 ਨਵੰਬਰ, 2020 ਦੀਆਂ ਰਾਸ਼ਟਰਪਤੀ ਪੱਦ ਦੀਆਂ ਆਮ ਚੋਣਾਂ ਲਈ ਪਹੁੰਚ ਦੀਆਂ ਸਾਰੀਆਂ ਵਿਅਕਤੀਗਤ, ਅਤੇ ਆਹਮੋ ਸਾਹਮਣੇ ਵਾਲੀਆਂ ਕਾਰਜ ਵਿਧੀਆਂ ਨੂੰ ਵਿਕਲਪਿਕ ਤਰੀਕਿਆਂ ਨਾਲ ਬਦਲ ਦਿੱਤਾ ਜਾਵੇਗਾ। ਉਹਨਾਂ ਵਿਕਲਪਿਕ ਪਹੁੰਚ ਤਰੀਕਿਆਂ ਵਿੱਚ ਆਭਾਸੀ ਮੀਟਿੰਗਾਂ ਅਤੇ ਵਰਕਸ਼ਾਪਾਂ ਕਰਨਾ, ਜਾਣਕਾਰੀ ਭਰਪੂਰ ਗ੍ਰਾਫ਼ਿਕ ਅਤੇ ਸਿੱਖਿਅਕ ਜਾਣਕਾਰੀ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨਾ, ਪ੍ਰਿੰਟ ਸਮੱਗਰੀ ਨੂੰ ਵੰਡਣਾ, ਅਤੇ ਭਾਈਚਾਰੇ ਦੇ ਮਸ਼ਹੂਰ ਟਿਕਾਣਿਆਂ 'ਤੇ ਪੋਸਟ ਕਰਨਾ ਸ਼ਾਮਲ ਹੈ।

ਵੋਟਰ ਸਿੱਖਿਆ ਅਤੇ ਪਹੁੰਚ ਟੀਮ ਵੱਲੋਂ ਭਾਈਚਾਰਕ ਭਾਈਵਾਲਾਂ ਨਾਲ ਮਹੀਨਾਵਾਰ ਆਭਾਸੀ ਵੋਟਰ ਸਿੱਖਿਆ ਅਤੇ ਪਹੁੰਚ ਕਮੇਟੀ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਕਿ ਪਹੁੰਚ ਦੀਆਂ ਵਿਧੀਆਂ, ਆ ਰਹੀਆਂ ਸਮੱਸਿਆਵਾਂ, ਅਤੇ ਫੀਡਬੈਕ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ। ਅੱਪਡੇਟਾਂ ਦਾ ਵਟਾਂਦਰਾ ਕਰਨ ਲਈ ਅਸੀਂ ਵੀ ਹਰੇਕ ਆਭਾਸੀ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ ਅਤੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ ਮੀਟਿੰਗ ਵਿੱਚ ਸ਼ਾਮਲ ਰਹਾਂਗੇ। ਪੰਜ ਨਵੀਂਆਂ ਭਾਸ਼ਾਵਾਂ (ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ) ਦੇ ਸ਼ਾਮਲ ਹੋ ਜਾਣ ਨਾਲ, ROV ਅਤੇ ਪਹੁੰਚ ਟੀਮ ਵੱਲੋਂ ਹੁਣ 14 ਭਾਸ਼ਾਵਾਂ ਵਿੱਚ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ROV ਵੱਲੋਂ ਹਰੇਕ ਭਾਸ਼ਾ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਅਨੁਵਾਦ ਕੀਤੀਆਂ ਗਈਆਂ ਪ੍ਰਿੰਟਿਡ ਅਤੇ ਡਿਜੀਟਲ ਸਮੱਗਰੀਆਂ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਇਸ ਤੋਂ ਇਲਾਵਾ, ROV ਵੱਲੋਂ ਰਾਜ ਅਤੇ ਸਥਾਨਕ ਅਧਿਕਾਰੀਆਂ ਨਾਲ ਕੰਮ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਿਅਕਤੀਗਤ ਵੋਟ ਕੇਂਦਰ ਉਹਨਾਂ ਵੋਟਰਾਂ ਲਈ ਸੁਰੱਖਿਅਤ ਅਤੇ ਪਹੁੰਚਯੋਗ ਹੋਣ, ਜਿਨ੍ਹਾਂ ਨੂੰ ਇਸ ਦੀ ਲੋੜ ਹੈ। ROV ਵੱਲੋਂ ਵੋਟਰਾਂ ਨੂੰ ਇਹ ਸੂਚਿਤ ਕਰਨ ਲਈ ਸੁਨੇਹੇ ਤਿਆਰ ਕੀਤੇ ਜਾਣਗੇ ਕਿ ਵਿਅਕਤੀਗਤ ਵੋਟਿੰਗ ਕਿੱਥੇ ਉਪਲਬਧ ਹੈ ਅਤੇ ਉਹਨਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਮਾਜਿਕ ਦੂਰੀ ਅਤੇ ਨਿੱਜੀ ਸੁਰੱਖਿਆ ਉਪਕਰਣਾਂ ਸਮੇਤ ਸੁਰੱਖਿਆ ਸੰਬੰਧੀ ਕਿਹੜੀਆਂ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ। ਅਸੀਂ ਇਹ ਸੁਨੇਹਾ ਭਾਈਚਾਰਕ ਭਾਈਵਾਲਾਂ, ਨਾਗਰਿਕ ਸਲਾਹਕਾਰ ਸਮੂਹਾਂ, ਅਤੇ ਹੋਰ ਢੁਕਵੀਆਂ ਕਾਉਂਟੀ ਏਜੰਸੀਆਂ ਦੀ ਸਾਡੀ ਵਿਸਤ੍ਰਿਤ ਸੂਚੀ ਨਾਲ ਸਾਂਝਾ ਕਰਾਂਗੇ, ਤਾਂ ਕਿ ਉਹਨਾਂ ਦੀ ਸਹਾਇਤਾ ਰਾਹੀਂ ਇਸ ਜਾਣਕਾਰੀ ਨੂੰ ਕਾਉਂਟੀ ਦੇ ਹਰੇਕ ਕੋਨੇ ਤੱਕ ਪਹੁੰਚਾਇਆ ਜਾ ਸਕੇ।

# ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ

3 ਨਵੰਬਰ, 2020 ਦੀਆਂ ਆਮ ਰਾਸ਼ਟਰਪਤੀ ਪਦ ਦੀਆਂ ਚੋਣਾਂ ਲਈ, California ਦਾ ਕਨੂੰਨ ਸਾਰੇ ਰਜਿਸਟਰਡ ਵੋਟਰਾਂ ਨੂੰ ਆਪਣੇ ਬੈਲਟਾਂ ਤੱਕ ਪਹੁੰਚ ਕਰਨ, ਉਹਨਾਂ ਨੂੰ, ਡਾਊਨਲੋਡ, ਵੋਟ, ਅਤੇ ਪ੍ਰਿੰਟ ਕਰਨ ਲਈ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਸਿਸਟਮ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ RAVBM ਸਿਸਟਮ ਦਾ ਉਦੇਸ਼ ਇੰਟਰਨੈੱਟ ਰਾਹੀਂ ਬੈਲਟ 'ਤੇ ਵੋਟ ਪਾਉਣਾ ਨਹੀਂ ਹੈ। RAVBM ਵੋਟਰਾਂ ਨੂੰ ਲਿੰਕ ਵਾਲੀ ਇੱਕ ਈਮੇਲ ਭੇਜੀ ਜਾਵੇਗੀ, ਜਿਸ ਤੋਂ ਉਹ ਆਪਣੇ ਅਧਿਕਾਰਤ ਬੈਲਟ ਤੱਕ ਪਹੁੰਚ ਕਰ ਸਕਣਗੇ, ਅਤੇ ਨਾਲ ਹੀ ਉਸ ਵਿੱਚ ਡਾਊਨਲੋਡ ਕਰਨ, ਪ੍ਰਿੰਟ ਕਰਨ, ਬੈਲਟ ਨੂੰ ਪੂਰਾ ਕਰਨ, ਅਤੇ ਚੋਣ ਦੇ ਦਿਨ ਤੱਕ ਉਸ ਨੂੰ ROV ਨੂੰ ਵਾਪਸ ਭੇਜਣ ਸੰਬੰਧੀ ਹਿਦਾਇਤਾਂ ਸ਼ਾਮਲ ਹੋਣਗੀਆਂ। ਵੋਟਰਾਂ ਨੂੰ, ਈਮੇਲ ਵਾਲੇ ਲਿੰਕ ਦੀ ਵਰਤੋਂ ਕਰਦੇ ਹੋਏ ਬੈਲਟ ਨੂੰ ਆਪਣੇ ਡਿਵਾਇਸ 'ਤੇ ਡਾਊਨਲੋਡ ਕਰਕੇ ਆਪਣੀ ਖੁਦ ਦੀ ਸਹਾਇਕ ਤਕਨੀਕ ਦੀ ਵਰਤੋਂ ਕਰਦੇ ਹੋਏ ਉਸਨੂੰ ਪੜ੍ਹਨਾ ਅਤੇ ਨਿਸ਼ਾਨਬੱਧ ਕਰਨਾ ਚਾਹੀਦਾ ਹੈ। ਜਿਵੇਂ ਕਿ ਕਿਸੇ ਵੀ ਰਜਿਸਟਰਡ ਵੋਟਰ ਨਾਲ ਹੁੰਦਾ ਹੈ, RAVBM ਵੋਟਰ ਵੀ ਆਪਣਾ ਬੈਲਟ ਤਿੰਨ ਤਰੀਕਿਆਂ ਨਾਲ ਵਾਪਸ ਭੇਜ ਸਕਦਾ ਹੈ: ਸਧਾਰਨ ਡਾਕ ਰਾਹੀਂ, ਬੈਲਟ ਡ੍ਰੌਪ-ਬੌਕਸ ਵਿੱਚ ਆਪਣਾ ਬੈਲਟ ਪਾ ਕੇ, ਜਾਂ ਕਿਸੇ ਵੋਟ ਕੇਂਦਰ ਵਿੱਚ ਇਸ ਨੂੰ ਵਾਪਸ ਕਰਕੇ।